# ਤੁਹਾਡੇ ਬੱਚੇ ਦੀ ਇਮਿਊਨ ਪ੍ਰਣਾਲੀ ਅਤੇ ਵੈਕਸੀਨ
# Your Baby's Immune System and Vaccines

**ਆਪਣੇ ਬੱਚਿਆਂ ਦੀ ਰੱਖਿਆ ਕਰੋ। ਵਕਤ ਸਿਰ ਸਾਰੇ ਟੀਕੇ ਲਗਵਾਉ। ਇਹ ਟੀਕੇ ਮੁਫ਼ਤ ਹਨ।**
**ਆਪਣੇ ਲੋਕਲ ਪਬਲਿਕ ਹੈੱਲਥ ਯੂਨਿਟ ਜਾਂ ਸਿਹਤ ਸੇਵਾ ਸੰਭਾਲ ਕਰਨ ਵਾਲਿਆਂ ਨੂੰ ਫ਼ੋਨ ਕਰਕੇ ਮਿਲਣ ਦਾ ਸਮਾਂ ਨਿਸ਼ਚਿਤ ਕਰੋ।**

**ਜੋ ਤੁਸੀਂ ਜਾਣਦੇ ਹੋ ਉਸ 'ਤੇ ਨਿਸ਼ਾਨ ਲਗਾਓ।**
ਵੈਕਸੀਨਾਂ ਅਤੇ ਸਰੀਰ ਦੀ ਸੁਰੱਖਿਆ ਪ੍ਰਣਾਲੀ (ਇਮਿਊਨ ਸਿਸਟਮ) ਬਾਰੇ ਹੇਠ ਲਿਖੇ ਵਾਕਾਂ 'ਤੇ ਹਾਂ ਜਾਂ ਨਾਂਹ 'ਤੇ ਗੋਲ਼ਾ ਵਾਹੋ।

| | | |
|---|---|---|
| **ਮੈਂ ਜਾਣਦਾ/ਜਾਣਦੀ** ਹਾਂ ਕਿ ਮੇਰੇ ਬੱਚੇ ਲਈ ਸਾਰੇ ਟੀਕੇ ਸਮੇਂ ਸਿਰ ਲਗਵਾਉਣਾ ਕਿਉਂ ਮਹੱਤਵਪੂਰਨ ਹੈ। | ਜੀ ਹਾਂ | ਜੀ ਨਹੀਂ |
| **ਮੈਂ ਜਾਣਦਾ/ਜਾਣਦੀ** ਹਾਂ ਕਿ ਮੇਰੇ ਬੱਚੇ ਨੂੰ ਬਿਨਾ ਕਿਸੇ ਖ਼ਤਰੇ ਦੇ ਇੱਕ ਤੋਂ ਵੱਧ ਟੀਕਾ ਲਗਾਇਆ ਜਾ ਸਕਦਾ ਹੈ। | ਜੀ ਹਾਂ | ਜੀ ਨਹੀਂ |
| **ਮੈਂ ਜਾਣਦਾ/ਜਾਣਦੀ** ਹਾਂ ਕਿ ਆਪਣੇ ਬੱਚੇ ਨੂੰ ਵੈਕਸੀਨਾਂ ਦੇਣਾ ਉਸਨੂੰ ਗੰਭੀਰ ਬੀਮਾਰੀਆਂ ਤੋਂ ਬਚਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ। | ਜੀ ਹਾਂ | ਜੀ ਨਹੀਂ |
| **ਮੈਂ ਜਾਣਦਾ/ਜਾਣਦੀ** ਹਾਂ ਕਿ ਸਰੀਰ ਦੀ ਸੁਰੱਖਿਆ ਪ੍ਰਣਾਲੀ (ਇਮਿਊਨ ਸਿਸਟਮ) ਕਿਵੇਂ ਕੰਮ ਕਰਦੀ ਹੈ। | ਜੀ ਹਾਂ | ਜੀ ਨਹੀਂ |
| **ਮੈਂ ਜਾਣਦਾ/ਜਾਣਦੀ** ਹਾਂ ਕਿ ਟੀਕੇ ਸਰੀਰ ਦੀ ਸੁਰੱਖਿਆ ਪ੍ਰਣਾਲੀ (ਇਮਿਊਨ ਸਿਸਟਮ) ਨਾਲ ਕਿਵੇਂ ਕੰਮ ਕਰਦੇ ਹਨ। | ਜੀ ਹਾਂ | ਜੀ ਨਹੀਂ |

ਜੇ ਤੁਸੀਂ ਉਪਰੋਕਤ ਕਥਨਾਂ ਵਿਚੋਂ ਕਿਸੇ ਦਾ ਵੀ ਜਵਾਬ '***ਨਾਂਹ***' ਵਿਚ ਦਿੱਤਾ ਹੈ, ਤਾਂ ਹੋਰ ਜਾਣਨ ਲਈ ਅੱਗੇ ਪੜ੍ਹੋ।

## ਇਮਿਊਨ ਪ੍ਰਣਾਲੀ ਕੀ ਹੈ ਅਤੇ ਇਹ ਕਿਵੇਂ ਕੰਮ ਕਰਦੀ ਹੈ?

ਤੁਸੀਂ ਵਾਇਰਸ ਅਤੇ ਬੈਕਟੀਰੀਆ ਬਾਰੇ ਸੁਣਿਆ ਹੋਵੇਗਾ ਜਿਨ੍ਹਾਂ ਨੂੰ ਆਮ ਤੌਰ ਤੇ ਜਰਮ ਕਹਿੰਦੇ ਹਨ। ਕੁਝ ਜਰਮ ਤੁਹਾਡੇ ਬੱਚੇ ਦੇ ਸਰੀਰ ਅੰਦਰ ਜਾ ਕੇ ਉਸ ਨੂੰ ਬਿਮਾਰ ਕਰ ਸਕਦੇ ਹਨ।

ਜਨਮ ਤੋਂ ਹੀ ਇਮਿਊਨ ਪ੍ਰਣਾਲੀ ਤੁਹਾਡੇ ਬੱਚੇ ਨੂੰ ਨੁਕਸਾਨਦੇਹ ਜਰਮਜ਼ ਤੋਂ ਬਚਾਉਂਦੀ ਹੈ। ਬੱਚੇ ਦੀ ਇਮਿਊਨ ਪ੍ਰਣਾਲੀ ਅੰਗਾਂ ਅਤੇ ਸੈੱਲਾਂ ਦੁਆਰਾ ਇਕੱਠਿਆਂ ਕੰਮ ਕਰਨ ਕਰਕੇ ਬੱਚੇ ਦੀ ਸੁਰੱਖਿਆ ਕਰਦੀ ਹੈ।

ਇਮਿਊਨ ਪ੍ਰਣਾਲੀ ਦੇ ਦੋ ਮਹੱਤਵਪੂਰਨ ਹਿੱਸੇ ਹਨ ਐਂਟੀਬਾਡੀਜ਼ ਅਤੇ ਯਾਦਾਸ਼ਤ ਵਾਲੇ ਸੈੱਲ। ਐਂਟੀਬਾਡੀਜ਼ ਨੁਕਸਾਨਦੇਹ ਜਰਮਜ਼ ਨੂੰ ਮਾਰਨ ਵਿੱਚ ਮਦਦ ਕਰਦੀਆਂ ਹਨ। ਯਾਦਾਸ਼ਤ ਵਾਲੇ ਸੈੱਲ ਇਮਿਊਨ ਪ੍ਰਣਾਲੀ ਨੂੰ ਜਲਦੀ ਨਾਲ ਇਨਫ਼ੈੱਕਸ਼ਨ ਵਿਰੁਧ ਪ੍ਰਤਿਕਿਰਿਆ ਕਰਨ ਅਤੇ ਬਿਮਾਰੀ ਨੂੰ ਰੋਕਣ ਵਿੱਚ ਮਦਦ ਕਰਦੇ ਹਨ।

## ਵੈਕਸੀਨ ਕਿਵੇਂ ਕੰਮ ਕਰਦਾ ਹੈ?

ਤੁਹਾਡੇ ਬੱਚੇ ਨੂੰ ਬਿਮਾਰੀ ਲੱਗਣ ਤੋਂ ਬਗੈਰ ਵੈਕਸੀਨ ਬੱਚੇ ਦੀ ਇਮਿਊਨ ਪ੍ਰਣਾਲੀ ਨੂੰ ਐਂਟੀਬਾਡੀਜ਼ ਬਣਾਉਣ ਵਿੱਚ ਮਦਦ ਕਰਦੇ ਹਨ।

ਵੈਕਸੀਨ ਤੁਹਾਡੇ ਬੱਚੇ ਦੀ ਇਮਿਊਨ ਪ੍ਰਣਾਲੀ ਨੂੰ ਯਾਦਾਸ਼ਤ ਸੈੱਲ ਬਣਾਉਣ ਵਿੱਚ ਵੀ ਮਦਦ ਕਰਦੇ ਹਨ। ਵੈਕਸੀਨ ਲੈਣ ਤੋਂ ਬਾਅਦ, ਯਾਦਾਸ਼ਤ ਸੈੱਲ ਕਾਫ਼ੀ ਲੰਮੇ ਸਮੇਂ ਲਈ ਤੁਹਾਡੇ ਬੱਚੇ ਨੂੰ ਨੁਕਸਾਨਦੇਹ ਜਰਮਜ਼ ਤੋਂ ਸੁਰੱਖਿਆ ਕਰਨਗੇ। ਉਦਾਹਰਣ ਲਈ ਜੇ ਤੁਹਾਡਾ ਬੱਚਾ ਖਸਰਾ, ਕਨਪੇੜੇ ਅਤੇ ਛੋਟੀ ਮਾਤਾ ਦਾ ਟੀਕਾ ਲਗਵਾਉਂਦਾ ਹੈ ਤਾਂ ਤੁਹਾਡੇ ਬੱਚੇ ਅੰਦਰ ਜੋ ਯਾਦਾਸ਼ਤ ਦੇ ਸੈੱਲ ਪੈਦਾ ਹੋ ਜਾਂਦੇ ਹਨ ਉਹ ਵੈਕਸੀਨ ਤੋਂ ਕਾਫ਼ੀ ਦੇਰ ਬਾਅਦ ਤੱਕ ਸੁਰੱਖਿਆ ਦਿੰਦੇ ਹਨ।

## ਕੀ ਮੇਰਾ ਬੱਚਾ ਇੱਕ ਤੋਂ ਜ਼ਿਆਦਾ ਵੈਕਸੀਨ ਇੱਕੋ ਸਮੇਂ ਲੈ ਸਕਦਾ ਹੈ?

ਹਾਂ ਜੀ। ਬੱਚੇ ਦੀ ਇਮਿਊਨ ਪ੍ਰਣਾਲੀ ਬੜੀ ਹੈਰਾਨੀਜਨਕ ਹੈ। ਜਨਮ ਦਿਨ ਤੋਂ ਲੈ ਕੇ ਬੱਚੇ ਦਾ ਸਰੀਰ ਹਜ਼ਾਰਾਂ ਹੀ ਜਰਮਜ਼ ਤੋਂ ਬਚਾਉਂਦਾ ਹੈ। ਹਵਾ, ਖਾਣਾ, ਪਾਣੀ ਅਤੇ ਹੋਰ ਚੀਜ਼ਾਂ ਵਿੱਚ ਵੀ ਜਰਮਜ਼ ਹੁੰਦੇ ਹਨ।

ਇੱਕੋ ਵਕਤ ਇੱਕ ਤੋਂ ਵੱਧ ਵੈਕਸੀਨ ਜਾਂ ਟੀਕੇ ਲਗਾਉਣ ਨਾਲ ਇਮਿਊਨ ਪ੍ਰਣਾਲੀ ਤੇ ਕੋਈ ਬੋਝ ਨਹੀਂ ਪੈਂਦਾ। ਜਦੋਂ ਬੱਚੇ ਨੂੰ ਕਈ ਟੀਕੇ ਲਗਦੇ ਹਨ ਤਾਂ ਤੁਹਾਡੇ ਬੱਚੇ ਦੀ ਇਮਿਊਨ ਪ੍ਰਣਾਲੀ ਦਾ ਬਹੁਤ ਥੋੜਾ ਹਿੱਸਾ ਥੋੜੇ ਸਮੇਂ ਲਈ ਇਸਤੇਮਾਲ ਹੁੰਦਾ ਹੈ।

## ਇਹ ਕਿਉਂ ਮਹੱਤਵਪੂਰਨ ਹੈ ਕਿ ਮੇਰੇ ਬੱਚੇ ਨੂੰ ਵਕਤ ਸਿਰ ਹੀ ਵੈਕਸੀਨ ਮਿਲੇ?

ਜੇ ਟੀਕੇ ਟਾਈਮ ਸਿਰ ਲਗਾਏ ਜਾਣ ਤਾਂ ਵੈਕਸੀਨ ਵਧੀਆ ਕੰਮ ਕਰਦੇ ਹਨ। ਆਪਣੇ ਬੱਚੇ ਦੀ ਜਲਦੀ ਤੋਂ ਜਲਦੀ ਸੁਰੱਖਿਆ ਲਈ ਉਸ ਨੂੰ ਦੋ ਮਹੀਨਿਆਂ ਦੀ ਉਮਰ ਤੋਂ ਟੀਕੇ ਲਗਣੇ ਸ਼ੁਰੂ ਹੋ ਜਾਣੇ ਚਾਹੀਦੇ ਹਨ। ਕੁਝ ਵੈਕਸੀਨ ਇੱਕ ਤੋਂ ਜ਼ਿਆਦਾ ਖੁਰਾਕਾਂ ਵਿੱਚ ਦਿੱਤੇ ਜਾਂਦੇ ਹਨ ਜਾਂ ਇੱਕ ਤੋਂ ਜ਼ਿਆਦਾ ਵਾਰ ਦਿੱਤੇ ਜਾਂਦੇ ਹਨ। ਬੱਚੇ ਦੀ ਵਧੀਆ ਸੁਰੱਖਿਆ ਲਈ ਟੀਕੇ ਇੱਕ ਮਹੀਨਾ ਜਾਂ ਜ਼ਿਆਦਾ ਵਕਫ਼ੇ ਬਾਅਦ ਦਿੱਤੇ ਜਾਂਦੇ ਹਨ। ਉਦਾਹਰਣ ਲਈ ਕਾਲੀ ਖਾਂਸੀ ਬੱਚਿਆਂ ਲਈ ਜਾਨਲੇਵਾ ਬਿਮਾਰੀ ਹੋ ਸਕਦੀ ਹੈ। ਕਾਲੀ ਖਾਂਸੀ ਤੋਂ ਬਚਾਅ ਪੈਦਾ ਕਰਨ ਲਈ ਬੱਚਿਆਂ ਨੂੰ ਪਹਿਲੀ ਖੁਰਾਕ ਦੋ ਮਹੀਨਿਆਂ ਦੀ ਉਮਰ ਤੇ ਦੇਣੀ ਚਾਹੀਦੀ ਹੈ। ਤਿੰਨ ਟੀਕਿਆਂ ਤੋਂ ਬਾਅਦ ਬਚਪਨ ਵਿੱਚ ਉਨ੍ਹਾਂ ਨੂੰ ਪੂਰੀ ਸੁਰੱਖਿਆ ਮਿਲ ਜਾਵੇਗੀ। ਚੌਥਾ ਟੀਕਾ ਜਾਂ ਖੁਰਾਕ ਜੋ 18 ਮਹੀਨਿਆਂ ਦੀ ਉਮਰ ਵਿੱਚ ਦਿੱਤੀ ਜਾਂਦੀ ਹੈ ਉਹ ਬੂਸਟਰ ਡੋਜ਼ ਹੁੰਦੀ ਹੈ ਜੋ ਜਵਾਨੀ ਤੱਕ ਸੁਰੱਖਿਆ ਦਿੰਦੀ ਹੈ

## ਤੁਹਾਡੇ ਬੱਚੇ ਨੂੰ ਇਸ ਤਰ੍ਹਾਂ ਬਿਹਤਰੀਨ ਸੁਰੱਖਿਆ ਮਿਲਦੀ ਹੈ




- Pentacel™ ਟੀਕਾ ਇਸ ਤਰ੍ਹਾਂ ਕੰਮ ਕਰਦਾ ਹੈ।
- ਤੁਹਾਡੇ ਬੱਚੇ ਨੂੰ ਕਿੰਨੇ ਟੀਕਿਆਂ ਦੀ ਲੋੜ ਹੈ, ਇਹ ਟੀਕੇ ਦੀ ਕਿਸਮ ਮੁਤਾਬਕ ਬਦਲ ਸਕਦਾ ਹੈ।

*ਵੈਨਕੂਵਰ ਕੋਸਟਲ ਹੈਲਥ ਦੀ ਇਜਾਜ਼ਤ ਨਾਲ*

### ਹੋਰ ਵਧੀਕ ਜਾਣਕਾਰੀ ਲਈ ਦੇਖੋ

ਇਮਿਊਨਾਈਜ਼ ਬੀ.ਸੀ. ਦੀ ਵੈੱਬਸਾਈਟ:
www.immunizebc.ca

ਕੈਨੇਡਾ ਦੀ ਪਬਲਿਕ ਹੈੱਲਥ ਏਜੰਸੀ ਦੀ ਵੈੱਬਸਾਈਟ:
www.phac-aspc.gc.ca/im/index-eng.php

ਕੈਨੇਡੀਅਨ ਕੋਲੀਸ਼ਨ ਫ਼ਾਰ ਇਮਿਊਨਾਈਜ਼ੇਸ਼ਨ ਅਵੇਅਰਨੈਸ ਅਤੇ ਪਰਮੋਸ਼ਨ ਦੀ ਵੈੱਬਸਾਈਟ:
http://immunize.ca/en/default.aspx

**ਬਚਪਨ ਵਿੱਚ ਇਮਿਊਨਾਈਜ਼ੇਸ਼ਨ ਬਾਰੇ HealthLink BC Files (ਹੈੱਲਥਲਿੰਕ ਬੀ.ਸੀ. ਦੀਆਂ) ਇਹ ਫ਼ਾਈਲਾਂ ਦੇਖੋ:**

#50b ਆਪਣੇ ਬੱਚੇ ਨੂੰ ਵੈਕਸੀਨਾਂ ਦੇਣ ਦੇ ਫਾਇਦੇ
#50c ਬਾਲ ਵਰੇਸ ਵਿਚ ਦਿੱਤੀਆਂ ਜਾਣ ਵਾਲੀਆਂ ਵੈਕਸੀਨਾਂ ਸੁਰੱਖਿਅਤ ਹਨ
#50d ਬਾਲ ਵਰੇਸ ਵਿਚ ਦਿੱਤੀਆਂ ਜਾਣ ਵਾਲੀਆਂ ਵੈਕਸੀਨਾਂ: ਵੈਕਸੀਨਾਂ ਵਿਚ ਕੀ ਹੁੰਦਾ ਹੈ ਅਤੇ ਕਿਉਂ ਹੁੰਦਾ ਹ
#50e ਆਪਣੇ ਬੱਚਿਆਂ ਦੇ ਟੀਕਿਆਂ ਲਈ ਤਿਆਰ ਹੋਣਾ

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles/index.stmਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca'ਤੇ ਕਲਿੱਕ ਕਰੋ ਜਾਂ **8-1-1** 'ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ 7-1-1 'ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ 'ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।

British Columbia
The Best Place on Earth
ImmunizeBC
BC Centre for Disease Control
AN AGENCY OF THE PROVINCIAL HEALTH SERVICES AUTHORITY